# 7

**ਸਵਾਲ:**

# ''ਨਵੇਂ ਨੇਮ ਦੀ ਕਲੀਸੀਆ ਕਦੋਂ ਬਣੀ ਸੀ''

**ਜਵਾਬ:**

ਬਾਈਬਲ ਮੁਤਾਬਿਕ ਹੋਣ ਵਾਲੀ ਕਲੀਸੀਆ ਦੀ ਜਨਮ ਮਿਤੀ ਤੋਂ ਬਹੁਤ ਸਾਰੇ ਸਵਾਲਾਂ ਦਾ ਜਵਾਬ ਮਿਲ ਜਾਂਦਾ ਹੈ। ਉਸ ਮਿਤੀ ਦਾ ਨਵਜੰਮੇ ਬੱਚਿਆਂ ਦੀ ਮੈਂਬਰਸ਼ਿਪ ਦੇ ਸਹੀ ਜਾਂ ਗਲਤ ਹੋਣ, ਸੱਬਤ ਦੇ ਦਿਨ ਨੂੰ ਮਨਾਉਣ, ਧੂਪ ਧੁਖਾਉਣ, ਸਾਜ਼ਾਂ ਦੀ ਵਰਤੋਂ, ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਮੰਨਣ, ਪੈਰ ਧੋਣ ਅਤੇ ਯਿਸੂ ਦੇ ਨਾਲ ਸਲੀਬ ਉੱਤੇ ਮਰਨ ਵਾਲੇ ਡਾਕੂ ਦੀ ਉਦਾਹਰਣ ਨੂੰ ਮੰਨਣ ਨਾਲ ਗੂੜ੍ਹਾ ਸਬੰਧ ਹੈ।

## ਕਲੀਸੀਆ ਹੀ ਰਾਜ ਹੈ

ਕਲੀਸੀਆ ਦੀ ਜਨਮ ਮਿਤੀ ਬਾਰੇ ਜਾਣਨ ਲਈ ਇਕ ਅਹਿਮ ਤੱਥ ਇਹ ਹੈ ਕਿ ਕਲੀਸੀਆ ਰਾਜ ਹੀ ਹੈ। ''ਕਲੀਸੀਆ'' ਸ਼ਬਦ ਸਿੱਧੇ ਤੌਰ ਤੇ ਕਲੀਸੀਆ ਦੇ ਲੋਕਾਂ ਦੇ ਸੱਦੇ ਹੋਣ ਦੀ ਖੂਬੀ ਨੂੰ ਦੱਸਦਾ ਹੈ ਜਦਕਿ ''ਰਾਜ'' ਸ਼ਬਦ ਕਲੀਸੀਆ ਦੇ ਇੰਤਜ਼ਾਮ ਵੱਲ ਧਿਆਨ ਦੁਆਉਂਦਾ ਹੈ, ਪਰ ਦੋਵੇਂ ਸ਼ਬਦ ਇੱਕੋ ਹੀ ਸੰਸਥਾ ਦੀ ਗੱਲ ਕਰਦੇ ਹਨ। ਇਹ ਤੱਥ ਹੇਠ ਲਿਖੀਆਂ ਗੱਲਾਂ ਵਿਚ ਵੇਖਿਆ ਜਾਂਦਾ ਹੈ:

(1) ਰਾਜ ਦਾ ਰਾਜਾ ਹੀ ਕਲੀਸੀਆ ਦਾ ਸਿਰ ਹੈ (ਕੁਲੁੱਸੀਆਂ 1:13, 18)।

(2) ਰਾਜ ਦਾ ਬੀਜ ਹੀ ਕਲੀਸੀਆ ਦਾ ਬੀਜ ਹੈ (ਲੂਕਾ 8:11; 1 ਥੱਸਲੁਨੀਕੀਆਂ 2:13, 14)।

(3) ਰਾਜ ਦੀਆਂ ਕੁੰਜੀਆਂ ਦੀ ਵਰਤੋਂ ਕਲੀਸੀਆ ਦੇ ਫਾਟਕ ਖੋਲ੍ਹਣ ਲਈ ਕੀਤੀ ਗਈ ਸੀ (ਮੱਤੀ 16:19; ਵੇਖੋ ਰਸੂਲਾਂ ਦੇ ਕੰਮ 2:47)।

(4) ਬਪਤਿਸਮੇ ਨਾਲ ਇਕ ਪਾਪੀ ਨੂੰ ਰਾਜ ਵਿਚ ਲਿਆਇਆ ਜਾਂਦਾ ਹੈ ਅਤੇ ਬਪਤਿਸਮੇ ਨਾਲ ਹੀ ਇਕ ਪਾਪੀ ਨੂੰ ਕਲੀਸੀਆ ਵਿਚ ਲਿਆ ਜਾਂਦਾ ਹੈ (ਯੂਹੰਨਾ 3:5; 1 ਕੁਰਿੰਥੀਆਂ 12:13)।

(5) ਪ੍ਰਭੂ ਦੀ ਮੇਜ਼ ਨੂੰ ਰਾਜ ਵਿਚ ਹੀ ਦੱਸਿਆ ਗਿਆ ਹੈ; ਅਤੇ ਨਾਲ ਹੀ ਪ੍ਰਭੂ ਭੋਜ ਦਾ ਕਲੀਸੀਆ ਵਿਚ ਅਹਿਮ ਯੋਗਦਾਨ ਹੈ (ਲੂਕਾ 22:29, 30; 1 ਕੁਰਿੰਥੀਆਂ 10:16)।

(6) ਖ਼ੁਦਾ ਦਾ ਰਾਜ ਅਵਿਨਾਸ਼ੀ ਹੈ ਅਤੇ ਕਲੀਸੀਆ ਵੀ ਅਵਿਨਾਸ਼ੀ ਹੈ (ਇਬਰਾਨੀਆਂ 12:28; ਅਫ਼ਸੀਆਂ 3:20, 21)।

### ਭਵਿੱਖ ਵਿਚਲੀ ਕਲੀਸੀਆ

ਈਸਵੀ 30 ਵਿਚ ਯਿਸੂ ਦੇ ਉੱਪਰ ਉਠਾਏ ਜਾਣ ਦੇ ਦਸ ਦਿਨਾਂ ਬਾਅਦ ਇਕ ਖ਼ਾਸ ਐਤਵਾਰ

ਤਕ (ਜਿਸ ਨੂੰ ਯਹੂਦੀ ਲੋਕ ਪੈਂਟੀਕਾਸਟ ਦਾ ਪਰਬ ਆਖਦੇ ਸਨ) ਕਲੀਸੀਆ ਭਾਵ ਰਾਜ ਭਵਿੱਖ ਵਿਚ ਸੀ। ਪ੍ਰਭੂ ਦੇ ਉਸ ਯਾਦਗਾਰੀ ਦਿਨ ਤੋਂ ਪਹਿਲਾਂ, ਰਾਜ ਭਾਵ ਕਲੀਸੀਆ ਦੇ ਅੱਗੇ ਵੱਲ ਨੂੰ ਧਿਆਨ ਦੁਆਇਆ ਜਾਂਦਾ ਸੀ। (ਸਫ਼ਾ 41 ਤੇ ਚਾਰਟ ਵੇਖੋ।)

**ਅਪੰਗ ਕਲੀਸੀਆ ਨਹੀਂ**

ਜੇ ਕਲੀਸੀਆ ਦਾ ਜਨਮ ਯਿਸੂ ਦੇ ਉੱਪਰ ਉਠਾਏ ਜਾਣ ਦੇ ਦਸ ਦਿਨਾਂ ਬਾਅਦ ਇਕ ਖ਼ਾਸ ਐਤਵਾਰ ਤੋਂ ਬਾਅਦ ਹੋਇਆ ਸੀ ਤਾਂ ਇਹ ਅਪੰਗ ਅਤੇ ਬੇਕਾਰ ਕਲੀਸੀਆ ਸੀ। ਇਹ ਸਹੀ ਹੈ ਕਿਉਂਕਿ ਪ੍ਰਭੂ ਦੇ ਉਸ ਖ਼ਾਸ ਦਿਨ ਤੋਂ ਪਹਿਲਾਂ ਜੇ ਕਲੀਸੀਆ ਹੁੰਦੀ ਤਾਂ ਉਹ:

(1) ਸਿਰਫ਼ ਯਹੂਦੀਆਂ ਦੀ (ਮੱਤੀ 10:5, 6; ਗੈਰ ਕੌਮਾਂ ਵਿੱਚੋਂ ਮਸੀਹੀ ਬਣਨ ਵਾਲੇ ਸਭ ਤੋਂ ਪਹਿਲੇ ਲੋਕ ਰਸੂਲਾਂ ਦੇ ਕੰਮ 10 ਅਧਿਆਇ ਵਿਚ ਹੀ ਹਨ)

(2) ਆਤਮਾ ਦੇ ਬਿਨਾ (ਯੂਹੰਨਾ 7:39)

(3) ਲਹੂ ਦੇ ਬਿਨਾ (ਰਸੂਲਾਂ ਦੇ ਕੰਮ 20:28)

(4) ਸਿਰ ਦੇ ਬਿਨਾ (ਅਫ਼ਸੀਆਂ 1:22, 23; 5:23)

(5) ਮਸੀਹ ਦੇ ਬਿਨਾ (ਮੱਤੀ 16:16–20)

(6) ਸ਼ਕਤੀਹੀਨ ਭਾਵ ਕੁਝ ਨਾ ਕਰ ਸਕਣ ਵਾਲੀ ਕਲੀਸੀਆ (ਵੇਖੋ ਲੂਕਾ 24:49; ਰਸੂਲਾਂ ਦੇ ਕੰਮ 1:4) ਹੋਣੀ ਸੀ।

**ਵਜੂਦ ਵਿਚ ਕਲੀਸੀਆ**

ਹਫ਼ਤੇ ਦੇ ਉਸ ਅਹਿਮ ਪਹਿਲੇ ਦਿਨ ਦੇ ਬਾਅਦ, ਜਿਸ ਨੂੰ ਪੈਂਟੀਕਾਸਟ ਕਿਹਾ ਜਾਂਦਾ ਹੈ, ਜਦ ਵੀ ਕਲੀਸੀਆ ਦਾ ਜ਼ਿਕਰ ਮਿਲਦਾ ਹੈ ਉਹ ਉਸ ਦਿਨ ਵੱਲ ਧਿਆਨ ਦੁਆਉਂਦਾ ਸੀ। (ਫੇਰ ਸਫ਼ਾ 41 ਵਾਲਾ ਚਾਰਟ ਵੇਖੋ) ਉਸ ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਦੀਆਂ ਆਇਤਾਂ 30 ਈਸਵੀ ਵਾਲੇ ਪੈਂਟੀਕਾਸਟ ਨੂੰ ਮੁੱਖ ਬਿੰਦੂ ਰੱਖ ਦੇ ਦਿੱਤੀਆਂ ਜਾਂਦੀਆਂ ਹਨ।

## ਆਰੰਭ ਹੋਣ ਦੀ ਥਾਂ ਦਾ ਮਹੱਤਵ

30 ਈਸਵੀ ਵਾਲੇ ਪੈਂਟੀਕਾਸਟ ਵਾਲੇ ਦਿਨ ਰਾਜ ਭਾਵ ਕਲੀਸੀਆ ਦੇ (ਮਰਕੁਸ 9:1; ਲੂਕਾ 24:49) ਆਉਣ ਨੂੰ ਲਿਖਤ ਵਿਚ ''ਆਰੰਭ'' (ਲੂਕਾ 24:47; ਰਸੂਲਾਂ ਦੇ ਕੰਮ 11:15) ਦੱਸਿਆ ਗਿਆ ਹੈ। ਯਿਸੂ ਦੀ ਇਸ ਨਿਰਾਲੀ ਸੰਸਥਾ ਦੇ ਬਣਨ ਦੀ ਤਿਆਰੀ ਕਰਦਿਆਂ ਉਸ ਦੀ ਹਰ ਗੱਲ ਆਪਣੇ ਰਾਜ ਜਾਂ ਕਲੀਸੀਆ ਨੂੰ ਧਿਆਨ ਵਿਚ ਰੱਖ ਕੇ ਹੀ ਕਹੀ ਗਈ ਸੀ। ਪਹਾੜੀ ਉੱਤੇ ਦਿੱਤੇ ਆਪਣੇ ਉਪਦੇਸ਼ ਵਿਚ ਉਸਦੇ ਸਿਧਾਂਤ (ਮੱਤੀ 5–7), ਕਿਸੇ ਗਲਤੀ ਕਰਨ ਵਾਲੇ ਨਾਲ ਸਲੂਕ ਕਰਨ ਬਾਰੇ ਉਸ ਦੀ ਸਿੱਖਿਆ (ਮੱਤੀ 18:15–17), ਵਿਆਹ ਅਤੇ ਤਲਾਕ ਬਾਰੇ ਉਸ ਦੀ ਸਿੱਖਿਆ (ਮੱਤੀ 19:3–9) ਨੂੰ ਮੱਤੀ 28:20 ਵਿਚਲੇ ਉਸ ਦੇ ਹੁਕਮ ਵਿਚ ਜੋੜਿਆ ਗਿਆ ਸੀ। ਸਾਨੂੰ ਉਹ *ਸਭ* ਗੱਲਾਂ ਮੰਨਣੀਆਂ ਜ਼ਰੂਰੀ ਹਨ ਜਿਨ੍ਹਾਂ ਦਾ ਉਸ ਨੇ ਹੁਕਮ ਦਿੱਤਾ ਸੀ।

ਪਰ ਕੁਝ ਗੱਲਾਂ ਅਜਿਹੀਆਂ ਵੀ ਸਨ ਜੋ ਯਿਸੂ ਨੇ ਤਾਂ ਕੀਤੀਆਂ ਸਨ ਪਰ ਮਸੀਹੀਅਤ ਵਿਚ ਨਹੀਂ ਹੋਣੀਆਂ ਸਨ, ਜਿਵੇਂ ਯਹੂਦੀ ਪਸਾਹ (ਮੱਤੀ 26:18) ਅਤੇ ਸੱਬਤ ਨੂੰ ਮੰਨਣਾ (ਲੂਕਾ 4:16)। ਸਾਨੂੰ ਉਨ੍ਹਾਂ ਹੁਕਮਾਂ ਨੂੰ ਮੰਨਣ ਦੀ ਲੋੜ ਨਹੀਂ ਹੈ ਜਿਹੜੇ ਖ਼ਾਸ ਹਾਲਾਤ ਲਈ ਦਿੱਤੇ ਗਏ ਸਨ, ਜਿਵੇਂ ਝੋਲਾ ਜਾਂ ਜੁੱਤੀਆਂ ਨਾ ਲੈਣਾ (ਲੂਕਾ 10:4), ਸਿਰਫ਼ ਯਹੂਦੀਆਂ ਵਿਚ ਹੀ ਪ੍ਰਚਾਰ ਕਰਨਾ (ਮੱਤੀ 10:5, 6), ਅਤੇ ਕਿਸੇ ਨੂੰ ਇਹ ਨਾ ਦੱਸਣਾ ਕਿ ਯਿਸੂ ਹੀ ਆਉਣ ਵਾਲਾ ਮਸੀਹ ਹੈ (ਮੱਤੀ 16:20)।

ਇਸੇ ਤਰ੍ਹਾਂ ਯਿਸੂ ਦਾ ਚੇਲਿਆਂ ਦੇ ਪੈਰ ਧੋਣਾ ਕਲੀਸੀਆ ਦੀ ਰਵਾਇਤ ਲਈ ਬਿਲਕੁਲ ਨਹੀਂ ਦਿੱਤਾ ਗਿਆ ਸੀ। ਕਲੀਸੀਆ ਦੇ ਕਾਇਮ ਹੋਣ ਤੋਂ ਪਹਿਲਾਂ (ਉਤਪਤ 18:4; ਲੂਕਾ 7:44) ਅਤੇ ਬਾਅਦ ਵਿਚ ਵੀ (1 ਤਿਮੋਥਿਉਸ 5:10) ਪੈਰ ਧੋਣਾ ਘਰ ਵਿਚ ਆਏ ਮਹਿਮਾਨ ਦੇ ਸਨਮਾਨ ਦੇ ਤੌਰ ਤੇ ਇਕ ਰਵਾਇਤ ਸੀ। ਪਹਿਲੀ ਸਦੀ ਵਿਚ ਵੀ ਇਹ ਕਲੀਸੀਆ ਦੀ ਰਵਾਇਤ ਨਹੀਂ ਰਹੀ। ਆਪਣੀ ਨਿੱਜੀ ਸੇਵਕਾਈ ਦੌਰਾਨ ਯਿਸੂ ਆਪਣੀ ਮਰਜ਼ੀ ਨਾਲ ਕਿਸੇ ਦੇ ਵੀ ਪਾਪ ਮਾਫ਼ ਕਰ ਸਕਦਾ ਸੀ (ਮਰਕੁਸ 2:10)। ਬਹੁਤ ਸੰਭਾਵਨਾ ਹੈ ਕਿ ਸਲੀਬ ਉੱਤੇ ਮਰਨ ਵਾਲਾ ਡਾਕੂ ਬਿਨਾਂ ਬਪਤਿਸਮਾ ਪਾਏ ਹੀ ਬਚਾਇਆ ਗਿਆ ਹੋਵੇ, ਪਰ ਉਸੇ ਪ੍ਰਭੂ ਨੇ ਜਿਸ ਨੇ ਡਾਕੂ ਨੂੰ ਤਸੱਲੀ ਦੇਣ ਦੀ ਗੱਲ ਕਹੀ ਸੀ, ਬਾਅਦ ਵਿਚ ਸਭ ਲੋਕਾਂ ਨੂੰ ਬਪਤਿਸਮਾ ਲੈਣ ਦਾ ਹੁਕਮ ਦਿੱਤਾ (ਮਰਕੁਸ 16:15, 16)। ਸਭ ਲੋਕਾਂ ਨੇ ਪਾਪਾਂ ਦੀ ਮਾਫ਼ੀ ਵਾਸਤੇ ਬਪਤਿਸਮਾ ਲੈਣ ਦਾ ਨਿਯਮ ਸਭ ਤੋਂ ਪਹਿਲਾਂ ਕਲੀਸੀਆ ਦੇ ਜਨਮ ਵੇਲੇ ਹੀ ਲੋਕਾਂ ਵਿਚ ਐਲਾਨਿਆ ਗਿਆ ਸੀ। ਸਿਆਣਾ ਬੰਦਾ ਕਲੀਸੀਆ ਦੇ ਜਨਮ ਤੋਂ ਪਹਿਲਾਂ ਬਚਾਏ ਜਾਣ ਦੇ ਢੰਗ ਨੂੰ ਲੱਭਣ ਦੀ ਕੋਸ਼ਿਸ਼ ਨਹੀਂ ਕਰੇਗਾ। ਜੇ ਉਹ ਅਜਿਹਾ ਕਰਦਾ ਹੈ ਤਾਂ ਉਸ ਨੂੰ ਇਹ ਪਤਾ ਨਹੀਂ ਲੱਗੇਗਾ ਕਿ ਉਸ ਡਾਕੂ ਦੀ ਉਦਾਹਰਣ ਜਾਂ ਹਾਬਲ ਦੇ ਜਾਨਵਰਾਂ ਦੀ ਕੁਰਬਾਨੀ ਨੂੰ ਮੰਨਣਾ ਜ਼ਰੂਰੀ ਹੈ ਜਾਂ ਨਹੀਂ।

ਜੇ ਉਹ ਪੈਂਟੀਕਾਸਟ ਵਾਲੇ ਦਿਨ ਸਮਰਥਾ ਨਾਲ ਕਲੀਸੀਆ ਦੇ ਆਰੰਭ ਬਾਰੇ ਸਾਫ਼ ਸੋਚ ਰੱਖਦਾ ਹੈ ਤਾਂ ਉਸ ਨੂੰ ਸਾਫ਼ ਪਤਾ ਲੱਗ ਜਾਵੇਗਾ ਕਿ ਬਚਾਏ ਜਾਣ ਲਈ ਕੀ ਕਰਨਾ ਹੈ। ਪੈਂਟਕਾਸਟ ਵਾਲੇ ਦਿਨ ਜਿਨ੍ਹਾਂ ਲੋਕਾਂ ਨੇ ਖ਼ੁਸੀ ਨਾਲ ਖ਼ੁਦਾ ਦੇ ਵਚਨ ਨੂੰ ਮੰਨ ਲਿਆ ਸੀ ਉਨ੍ਹਾਂ ਨੇ ਕਿਸੇ ਗੱਲ ਦੇ ਪੱਖ ਵਿਚ ਜੋ ਕਦੇ ਪੈਂਟੀਕਾਸਟ ਵਾਲੇ ਦਿਨ ਤੋਂ ਪਹਿਲਾਂ ਉਸ ਡਾਕੂ ਨਾਲ ਹੋਈ ਸੀ, ਨਹੀਂ, ਬਲਕਿ ਉਨ੍ਹਾਂ ਨੇ ਤੌਬਾ ਕਰਕੇ ਬਪਤਿਸਮਾ ਲਿਆ ਸੀ (ਰਸੂਲਾਂ ਦੇ ਕੰਮ 2:41)।

ਅੱਜ ਕਲੀਸੀਆਵਾਂ ਵਿਚ ਨਵਜੰਮੇ ਬੱਚਿਆਂ ਦੇ ਮੈਂਬਰ ਹੋਣ ਦਾ ਇਕ ਵੱਡਾ ਕਾਰਣ ਨਵੇਂ ਨੇਮ ਦੀ ਕਲੀਸੀਆ ਦੇ ਜਨਮ ਦੇਣ ਦੇ ਮਹੱਤਵ ਨੂੰ ਨਾ ਮੰਨ ਪਾਉਣਾ ਹੈ। ਇਹ ਸੱਚ ਹੈ ਕਿ ਯਿਸੂ ਦੇ ਧਰਤੀ ਉੱਤੇ ਰਹਿਣ ਦੌਰਾਨ ਇਸਰਾਏਲ ਵਿਚ ਪੁਰਾਣੇ ਨੇਮ ਦੇ ਮੁਤਾਬਿਕ ਨਵਜੰਮੇ ਬੱਚਿਆਂ ਦੀ ਮੈਂਬਰਸ਼ਿੱਪ ਹੁੰਦੀ ਸੀ, ਪਰ ਕਲੀਸੀਆ ਜਿਸ ਨੂੰ ਕਾਇਮ ਕਰਨ ਲਈ ਯਿਸੂ ਆਇਆ ਉਸ ਦਾ ਨਿਯਮ ਇਹ ਹੈ ਕਿ ''ਪ੍ਰਭੂ ਨੂੰ ਜਾਣੇ'' ਗਾ (ਇਬਰਾਨੀਆਂ 8:11)। ਇਸ ਕਰਕੇ ਕਲੀਸੀਆ ਦੇ ਜਨਮ ਦੇ ਦਿਨ ਉਨ੍ਹਾਂ ਹੀ ਲੋਕਾਂ ਨੂੰ ਬਪਤਿਸਮਾ ਦਿੱਤਾ ਗਿਆ ਸੀ ਜਿਹੜੇ ਐਨੇ ਵੱਡੇ ਸਨ ਕਿ ਉਹ ਸੁਣਾਏ ਗਏ ਵਚਨ ਨੂੰ ਕਬੂਲ ਕਰ ਸਕਣ।

ਪੈਂਟੀਕਾਸਟ ਵਾਲੇ ਦਿਨ ਤੋਂ ਪਹਿਲਾਂ ਬੰਦਗੀ ਵਿਚ ਧੂਪ ਬਾਲਣਾ ਅਤੇ ਗਾਉਣ ਨਾਲ ਸਾਜ਼ਾਂ ਦੀ ਵਰਤੋਂ ਕਰਨ ਦਾ ਨਿਯਮ ਸੀ। ਪਰ ਰਸੂਲਾਂ ਨੇ ਜਿਨ੍ਹਾਂ ਨੂੰ ਬੰਨ੍ਹਣ ਅਤੇ ਖੋਲ੍ਹਣ ਦੀ ਤਾਕਤ ਮਸੀਹ ਵੱਲੋਂ ਮਿਲੀ ਸੀ (ਮੱਤੀ 18:18) ਨਵੇਂ ਨੇਮ ਦੀ ਕਲੀਸੀਆ ਵਿੱਚੋਂ ਇਨ੍ਹਾਂ ਦੋਹਾਂ ਨੂੰ ਕੱਢ ਦਿੱਤਾ। ਇਸ ਤੱਥ ਦੇ ਬਾਵਜੂਦ ਕੁਝ ਲੋਕ ਪੁਰਾਣੇ ਨੇਮ ਦੀ ਬੰਦਗੀ ਭਾਵ ਪੈਂਟੀਕਾਸਟ ਵਾਲੇ ਦਿਨ ਤੋਂ ਪਹਿਲਾਂ ਦੀ ਬੰਦਗੀ ਵਿਚ ਜਾ ਕੇ, ਮਸੀਹੀ ਬੰਦਗੀ ਵਿਚ ਧੂਪ ਬਾਲਣ ਅਤੇ ਗਾਉਣ ਨਾਲ ਸਾਜ਼ ਦੋਹਾਂ ਨੂੰ ਮਿਲਾ ਦਿੰਦੇ ਹਨ। ਕੁਝ ਲੋਕ ਧੂਪ ਬਾਲਣ ਦੀ ਗੱਲ ਨੂੰ ਤਾਂ ਨਹੀਂ ਮੰਨਦੇ ਪਰ ਗਾਉਣ ਨਾਲ ਸਾਜ਼ਾਂ ਤੇ ਜ਼ੋਰ ਦਿੰਦੇ ਹਨ। ਜੇ ਕਿਸੇ ਨੂੰ 30 ਈਸਵੀ ਵਿਚ ਪੈਂਟੀਕਾਸਟ ਵਾਲੇ ਦਿਨ ''ਕਲੀਸੀਆ ਦੇ ਆਰੰਭ'' ਦੇ ਦਿਨ ਦਾ ਮਹੱਤਵ ਪਤਾ ਲਗ ਜਾਵੇ ਤਾਂ ਇਹ ਦਿੱਕਤਾਂ ਆਪਣੇ ਆਪ ਹੀ ਦੂਰ ਹੋ ਜਾਣਗੀਆਂ।

ਕੁਝ ਲੋਕ ਯੂਹੰਨਾ ਬਪਤਿਸਮਾ ਲੈਣ ਵਾਲੇ ਦੇ ਮਹਾਨ ਕੰਮ ਵੱਲ ਧਿਆਨ ਦੁਆ ਕੇ ਉਸ ਦੇ ਮਗਰ ਚੱਲਣ ਦੀ ਕੋਸ਼ਿਸ਼ ਕਰਦੇ ਹਨ। ਯੂਹੰਨਾ ਭਾਵੇਂ ਕਿੰਨਾਂ ਵੀ ਵੱਡਾ ਸੀ ਪਰ ਉਸ ਦਾ ਕੰਮ ਸਿਰਫ਼ ਸ਼ੁਰੂਆਤ ਕਰਨ ਦਾ ਸੀ (ਲੂਕਾ 1:17; ਯੂਹੰਨਾ 1:15)। ਨਵੇਂ ਨੇਮ ਦੀ ਕਲੀਸੀਆ ਦਾ ''ਆਰੰਭ'' ਯੂਹੰਨਾ ਦਾ ਸਿਰ ਕਲਮ ਹੋਣ ਦੇ ਬਾਅਦ ਹੀ ਹੋਇਆ ਸੀ। ਇਸ ਕਰਕੇ ਸਿਆਣਾ ਬੰਦਾ ਖ਼ੁਦਾ ਦੇ ਵਚਨ ਦੀ

ਸਹੀ ਢੰਗ ਨਾਲ ਵਿਆਖਿਆ ਕਰਕੇ ਕਲੀਸੀਆ ਦੇ ਜਨਮ ਤੋਂ ਪਹਿਲਾਂ ਅਤੇ ਬਾਅਦ ਵਿਚ ਹੋਣ ਵਾਲੀਆਂ ਘਟਨਾਵਾਂ ਦੇ ਫ਼ਰਕ ਵੱਲ ਧਿਆਨ ਦਏਗਾ।

ਉਦਾਹਰਣ ਲਈ, ਇਸੇ ਤਰ੍ਹਾਂ ਸਿਆਣਾ ਬੰਦਾ ਪੁਰਾਣੇ ਨੇਮ ਵਾਲੇ ਸੱਬਤ ਬਾਰੇ ਵਿਚਾਰ ਕਰਕੇ ਬਿਨਾਂ ਸੋਚੇ ਸਮਝੇ ਇਸ ਨੂੰ ''ਬਾਈਬਲ ਵਿਚ ਹੈ'' ਆਖ ਕੇ ਇਸ ਨੂੰ ਮੰਨਣ ਲਈ ਨਹੀਂ ਕਹੇਗਾ। ਬਲਕਿ ਉਹ ਵੇਖੇਗਾ ਕਿ ਬਾਈਬਲ ਵਿਚ ਇਹ *ਕਿੱਥੇ* ਮਿਲਦਾ ਹੈ। ਜੇ ਉਹ ਕਲੀਸੀਆ ਦੇ ਪੈਂਟੀਕਾਸਟ ਵਾਲੇ ਦਿਨ ਦੇ *ਬਾਅਦ* ਹੋਣ ਨੂੰ ਮੰਨਦਿਆਂ ਖ਼ੁਦਾ ਦੀ ਕਲੀਸੀਆ ਨੂੰ ਮੰਨ ਲੈਂਦਾ ਹੈ ਤਾਂ ਉਸ ਨੂੰ ਅਜਿਹਾ ਹੀ ਮਿਲੇਗਾ। ਪਰ ਜੇ ਉਸ ਨੂੰ ਲਗਦਾ ਹੈ ਕਿ ਸੱਬਤ ਵਾਲੇ ਦਿਨ ਨੂੰ ਮਨਾਉਣ ਦੀ ਕਿਸੇ ਸਮੇਂ ਖ਼ੁਦਾ ਦੀ ਇਜਾਜ਼ਤ ਸੀ, ਪਰ ਪੈਂਟੀਕਾਸਟ ਵਾਲੇ ਦਿਨ ਦੇ *ਬਾਅਦ* ਇਹ ਦਿਨ ਕਲੀਸੀਆ ਵਿਚ ਨਹੀਂ ਮਨਾਇਆ ਜਾਂਦਾ ਸੀ (1 ਕੁਰਿੰਥੀਆਂ 7: 11; ਕੁਲੁੱਸੀਆਂ 2: 14–17) ਤਾਂ ਉਹ ਉਸੇ ਨਮੂਨੇ ਨੂੰ ਮੰਨੇਗਾ। ਆਪਣੇ ਕਿਸੇ ਵੀ ਕੰਮ ਵਿਚ ਅਗਵਾਈ ਲਈ ਉਹ ਮਸੀਹੀਅਤ ਦੇ ਆਰੰਭ ਨੂੰ ਮਹੱਤਵ ਦਏਗਾ।

## ਸਾਰ

ਨਵੇਂ ਨੇਮ ਦੀ ਕਲੀਸੀਆ ਦੇ ਵਜੂਦ ਵਿਚ ਆਉਣ ਬਾਰੇ ਥੋੜ੍ਹਾ ਜਿਹਾ ਵੀ ਪਤਾ ਲੱਗਣ ਤੇ ਪਰੇਸ਼ਾਨ ਕਰਨ ਵਾਲੇ ਬਹੁਤ ਸਾਰੇ ਧਾਰਮਿਕ ਸਵਾਲਾਂ ਦਾ ਜਵਾਬ ਆਪਣੇ ਆਪ ਹੀ ਮਿਲ ਜਾਂਦਾ ਹੈ। ਸਚਿਆਈ ਦੇ ਵਚਨ ਨੂੰ ਸਹੀ ਢੰਗ ਨਾਲ ਕੰਮ ਵਿਚ ਲਿਆਉਣ ਲਈ ਇਹ ਇਕ ਅਹਿਮ ਕੁੰਜੀ ਹੈ (2 ਤਿਮੋਥਿਉਸ 2: 15)।

## ਕਲੀਸੀਆ ਦੀ ਸ਼ੁਰੂਆਤ ਕਦੋਂ ਹੋਈ ?

| ਤਰੀਕ | ਹਵਾਲਾ |
|---|---|
| ਲਗਭਗ 600 ਈ. ਪੂ. | ਦਾਨੀਏਲ 2:44: ਦਾਨੀਏਲ ‘‘ਰਾਜ’’ ਦੀ ਨਬੂਵਤ ਕਰਦਾ ਹੈ |
| 27 ਈਸਵੀ | ਮਰਕੁਸ 1:15: ਯੂਹੰਨਾ ਆਖਦਾ ਹੈ ‘‘ਰਾਜ’’ ਨੇੜੇ ਹੈ। |
| 28 ਈਸਵੀ | ਮੱਤੀ 6:10: ਯਿਸੂ ‘‘ ... ਤੇਰਾ ਰਾਜ ਆਏ’’ |
| 29 ਈਸਵੀ | ਮੱਤੀ 16:18; ਮਰਕੁਸ 9:1: ਯਿਸੂ ਆਪਣੀ ਕਲੀਸੀਆ ਨੂੰ ਬਣਾਉਣ ਦਾ ਵਾਅਦਾ ਕਰਦਾ ਹੈ; ਸੁਣਨ ਵਾਲੇ ਕੁਝ ਲੋਕ ਇਸ ਨੂੰ ਵੇਖਣ ਲਈ ਜ਼ਿੰਦਾ ਹੋਣਗੇ। |
| 30 ਈਸਵੀ | ਰਸੂਲਾਂ ਦੇ ਕੰਮ 1:8 ਜੀ ਉੱਠਿਆ ਯਿਸੂ ਰਸੂਲਾਂ ਨੂੰ ਉਡੀਕ ਕਰਨ ਲਈ ਆਖਦਾ ਹੈ। |
| 30 ਈਸਵੀ | ਰਸੂਲਾਂ ਦੇ ਕੰਮ 2:1–41: **ਪੈਂਟੀਕਾਸਟ ਵਾਲਾ ਦਿਨ** |
| 30 ਈਸਵੀ | ਰਸੂਲਾਂ ਦੇ ਕੰਮ 2:47: ਮਨਬਦਲੀ ਕਰਨ ਵਾਲਿਆਂ ਨੂੰ ‘‘ਉਨ੍ਹਾਂ’’ (‘‘ਕਲੀਸੀਆ’’; KJV) ਵਿਚ ਰਲਾ ਲਿਆ ਜਾਂਦਾ ਹੈ। |
| 40 ਈਸਵੀ | ਰਸੂਲਾਂ ਦੇ ਕੰਮ 8:1–4: ਕਲੀਸੀਆ ਉੱਤੇ ਜ਼ੁਲਮ ਹੁੰਦਾ ਹੈ |
| 45 ਈਸਵੀ | ਰਸੂਲਾਂ ਦੇ ਕੰਮ 14:23: ਹਰ ਕਲੀਸੀਆ ਵਿਚ ਐਲਡਰ ਠਹਿਰਾਏ ਗਏ। |
| 65 ਈਸਵੀ | 1 ਤਿਮੋਥਿਉਸ 3:15: ਕਲੀਸੀਆ ਕਾਇਮ। |
| 96 ਈਸਵੀ[1] | ਪ੍ਰਕਾਸ਼ ਦੀ ਪੋਥੀ 1:5, 6; 2:1: ਕਲੀਸੀਆਵਾਂ ਕਾਇਮ |

ਕਲੀਸੀਆ ਦੇ ਸ਼ੁਰੂ ਹੋਣ ਵੱਲ ਅੱਗੇ ਨੂੰ ਇਸ਼ਾਰਾ ਕਰਦੇ ਹਵਾਲੇ ⟶ | ⟵ ਕਲੀਸੀਆ ਦੇ ਸ਼ੁਰੂ ਹੋਣ ਵੱਲ ਪਿੱਛੇ ਨੂੰ ਇਸ਼ਾਰਾ ਕਰਦੇ ਹਵਾਲੇ

ਟਿੱਪਣੀਆਂ

[1]ਮਸੀਹ ਦੇ ਜਨਮ ਲਈ ਮੰਨੀ ਜਾਣ ਵਾਲੀ ਤਰੀਕ ਦੇ ਅਧਾਰ ਤੇ ਤਰੀਕਾਂ ਵਿਚ ਫ਼ਰਕ ਹੈ। ‘‘ਅਸੀਂ ਨਵੇਂ ਨੇਮ ਦੀ ਕਲੀਸੀਆ ਨੂੰ ਕਿਵੇਂ ਪਛਾਣ ਸਕਦੇ ਹਾਂ?’’ ਪਾਠ ਵਿਚ ਟਿੱਪਣੀ 1 ਵੇਖੋ।